# ਗੁਰੂ ਨਾਨਕ ਬਾਣੀ ਦੀ ਪ੍ਰਵਚਨ ਜੁਗਤ

**ਡਾ. ਕੰਵਲਦੀਪ ਕੌਰ**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
✆ 9646481350

ਗੁਰੂ ਨਾਨਕ ਬਾਣੀ ਇਕ ਨਿਵੇਕਲੇ ਥੀਮੈਟਿਕ ਸੰਗਠਨ ਵਿਚ ਬੱਝੀ ਹੋਈ ਟੈਕਸਟ ਹੈ। ਇਸ ਟੈਕਸਟ ਦੇ ਵਿਸ਼ਲੇਸ਼ਣ ਲਈ ਇਸਦੀ ਜੁਗਤ ਨੂੰ ਸਮਝਣਾ ਅਨਿਵਾਰੀ ਹੈ। ਪ੍ਰਮੁੱਖ ਰੂਪ ਵਿਚ ਇਸਨੂੰ ਇਸਦੀ ਆਕਾਰ-ਜੁਗਤ ਅਤੇ ਭਾਵ-ਜੁਗਤ ਦੀ ਅੰਤਰ-ਸਬੰਧਤਾ ਰਾਹੀਂ ਸਮਝਿਆ ਜਾ ਸਕਦਾ ਹੈ। ਅਸਲ ਵਿਚ ਕਿਸੇ ਵੀ ਟੈਕਸਟ ਦੇ ਵਿਸ਼ਲੇਸ਼ਣ ਲਈ ਮੁੱਢਲਾ ਪੱਖ ਇਹ ਵਿਚਾਰਨਯੋਗ ਹੈ ਕਿ ਕਿਸੇ ਵੀ ਟੈਕਸਟ ਦਾ ਨਿਰਮਾਣ ਕਿਵੇਂ ਹੁੰਦਾ ਹੈ? ਉਸ ਵਿਚਲੀ ਸੰਕਲਪਿਕ-ਨਿਰਮਾਣਤਾ (conceptual construction) ਕਿਵੇਂ ਹੁੰਦੀ ਹੈ? ਕਿਹੜੀ ਜੁਗਤ ਦੇ ਤਹਿਤ ਵਿਭਿੰਨ ਸੰਕਲਪ ਆਪਸ ਵਿਚ ਅੰਤਰ-ਸਬੰਧਤ ਹੋ ਕੇ ਕਿਸੇ ਟੈਕਸਟ ਦੇ ਪ੍ਰਵਚਨ (discourse) ਨੂੰ ਸਿਰਜਦੇ ਹਨ? ਕੁਝ ਅਜਿਹੇ ਨੁਕਤਿਆਂ ਨੂੰ ਵਿਚਾਰਦਿਆਂ ਇਸ ਵਿਸ਼ਲੇਸ਼ਣ ਦੇ ਤਹਿਤ ਗੁਰੂ ਨਾਨਕ ਸਾਹਿਬ ਦੀ ਚਿੰਤਨ ਪ੍ਰਕਿਰਿਆ ਨੂੰ ਸਮਝਣ ਦਾ ਪ੍ਰਯਤਨ ਹਾਜ਼ਰ ਹੈ। ਅਧਿਐਨ ਕਰਤਾ ਅਕਸਰ ਵਿਸ਼ਲੇਸ਼ਣ ਦੀ ਪੱਧਰ ’ਤੇ ਗੁਰੂ ਸਾਹਿਬ ਦੀ ਬਾਣੀ ਦੇ ਸਤਹੀ ਅਰਥਾਂ ਤਕ ਮਹਿਦੂਦ ਰਹਿੰਦੇ ਹਨ ਜਦਕਿ ਇਸਦੇ ਗਹਿਨ ਧਰਾਤਲ ਵਿਚ ਇਸਦੀ ਅਰਥਗਤ ਗਤੀ (semantic range) ਕਾਰਜਸ਼ੀਲ ਹੁੰਦੀ ਹੈ। ਇਸਨੂੰ ਸਮਝਣਾ ਅਨਿਵਾਰੀ ਹੈ। ਜਿਵੇਂ ਭਾਸ਼ਾ ਦੇ ਪ੍ਰਸੰਗ ਵਿਚ ਦੋ ਮਹੱਤਵਪੂਰਨ ਪੱਖ ਹਨ: ਇਕ ਇਸਦੀ ਬੋਲਣ ਪ੍ਰਕਿਰਿਆ (speaking process) ਅਤੇ ਦੂਸਰੀ ਇਸਦੀ ਸੋਚਣ/ਚਿੰਤਨ ਪ੍ਰਕਿਰਿਆ (thinking process) ਹੈ। ਅਰਥ ਦਾ ਵਧੇਰੇ ਸਬੰਧ ਇਸ ਚਿੰਤਨ ਦੀ ਪ੍ਰਕਿਰਿਆ ਨਾਲ ਹੈ। ਜਿੰਨੀ ਦੇਰ ਤਕ ਬੋਲ ਤੋਂ ਸੋਚਣ/ਚਿੰਤਨ ਦੀ ਪ੍ਰਕਿਰਿਆ ਤਕ ਨਾ ਪਹੁੰਚਿਆ ਜਾਵੇ ਉਦੋਂ ਤਕ ਅਰਥ ਦਾ ਬੋਧ ਨਹੀਂ ਹੋ ਸਕਦਾ। ਇਸ ਲਈ ਗੁਰੂ ਨਾਨਕ ਬਾਣੀ ਦੇ ਵਿਸ਼ਲੇਸ਼ਣ ਲਈ ਗੁਰੂ ਨਾਨਕ ਸਾਹਿਬ ਜੀ ਦੀ ਚਿੰਤਨ ਪ੍ਰਕਿਰਿਆ ਨੂੰ ਸਮਝਣਾ ਜ਼ਰੂਰੀ ਹੈ। ਇਸਦੇ ਲਈ ਇਸ ਬਾਣੀ ਦੀ ਪ੍ਰਵਚਨ ਜੁਗਤ ਨੂੰ ਵਿਭਿੰਨ ਪ੍ਰਵਚਨ ਧਰਾਤਲਾਂ ’ਤੇ ਵਿਚਾਰਨਾ ਅਨਿਵਾਰੀ ਹੈ।

ਸਭ ਤੋਂ ਪਹਿਲਾਂ ਗੁਰੂ ਨਾਨਕ ਬਾਣੀ ਵਿਚਲੀ ਪ੍ਰਵਚਨ ਜੁਗਤ ਨੂੰ ਸਮਝਣ ਲਈ ਇਸਦੀ ਸੰਰਚਨਾ (structure) ਨੂੰ ਸਮਝਣਾ ਲਾਜ਼ਮੀ ਹੈ। ਗੁਰੂ ਨਾਨਕ ਬਾਣੀ ਦੀ ਸੰਰਚਨਾ ਸਥਿਰ (static) ਨਹੀਂ ਸਗੋਂ ਗਤੀਸ਼ੀਲ (dynamic) ਹੈ। ਇਸ ਵਿਚਲਾ ਪ੍ਰਵਚਨ ਹੌਲ਼ੀ-ਹੌਲ਼ੀ ਵਿਭਿੰਨ ਪ੍ਰਵਚਨ ਧਰਾਤਲਾਂ ’ਤੇ ਉਸਰਦਾ ਹੈ। ਇਸ ਲਈ ਇਸ ਬਾਣੀ ਦੀ ਪ੍ਰਵਚਨ ਜੁਗਤ ਨੂੰ ਸਮਝਣ ਲਈ ਇਸ ਸਮੁੱਚੀ ਬਾਣੀ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ। ਇਸ ਵਿਚਲੇ ਕਿਸੇ ਵੀ ਸੰਕਲਪ ਦੇ ਬੋਧ ਲਈ ਇਕ ਪੱਧਰ ’ਤੇ ਉਸ ਸੰਕਲਪ ਦਾ ਕੋਈ ਅਰਥ ਪ੍ਰਾਪਤ ਹੁੰਦਾ ਹੈ ਅਤੇ ਦੂਸਰੇ ਪੱਧਰ ’ਤੇ ਕੋਈ ਹੋਰ ਅਰਥ ਸਿਰਜਿਆ ਹੁੰਦਾ ਹੈ। ਇਸ ਲਈ ਇਨ੍ਹਾਂ ਵਿਭਿੰਨ ਪੱਧਰਾਂ ਦੀ ਆਪਸੀ ਅੰਤਰ-ਸਬੰਧਤਾ ਨੂੰ ਸਮਝ ਕੇ ਹੀ ਇਸਦੇ ਪ੍ਰਵਚਨ ਦੀ ਜੁਗਤ ਨੂੰ ਸਮਝਿਆ ਜਾ ਸਕਦਾ ਹੈ। ਜਿਵੇਂ ਇਸ ਬਾਣੀ ਵਿੱਚੋਂ ਦੁਖ ਦੇ ਸੰਕਲਪ ਨੂੰ ਸਮਝਣਾ ਹੋਵੇ ਤਾਂ ਇਹ ਸੰਕਲਪ ਇਸ ਬਾਣੀ ਵਿਚ ਵਿਭਿੰਨ ਪ੍ਰਵਚਨ ਧਰਾਤਲਾਂ ’ਤੇ ਵਿਚਰਦਾ ਹੈ। ਇਸ ਸੰਕਲਪ ਦਾ ਪਹਿਲਾ ਪ੍ਰਵਚਨ ਧਰਾਤਲ ਹੇਠ ਲਿਖੀ ਭਾਵ-ਜੁਗਤ ਰਾਹੀਂ ਨਿਰੂਪਿਤ ਹੁੰਦਾ ਹੈ :

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥*
*ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥*[2]

ਇਹ ਦੁਖ ਦੇ ਸੰਕਲਪ ਦੀ ਪਹਿਲੀ ਅਤੇ ਸਾਧਾਰਨ ਪੱਧਰ ਹੈ। ਇਸ ਅਨੁਸਾਰ ਦੁਖ ਨੂੰ ਦਾਰੂ ਅਤੇ ਸੁਖ ਨੂੰ ਰੋਗ ਦੀ ਸੰਗਿਆ ਦਿੱਤੀ ਹੈ। ਇਥੇ ਦੁਖ ਮਾਨਸਿਕ ਅਤੇ ਸੁਖ ਸਰੀਰਕ ਰੋਗ ਨਾਲ ਸਬੰਧਤ ਹੈ। ਗੁਰੂ ਸਾਹਿਬ ਅਨੁਸਾਰ ਮਾਨਸਿਕ ਦੁਖ ਜੀਵ ਨੂੰ ਸਤ, ਸੰਤੋਖ, ਸਹਿਜ ਵੱਲ ਲੈ ਕੇ ਜਾਂਦਾ ਹੈ। ਇਨ੍ਹਾਂ ਮਾਨਸਿਕ ਅਵਸਥਾਵਾਂ ਅਧੀਨ ਵਿਚਰਦਿਆਂ ਜੀਵ ਵਿਵੇਕਸ਼ੀਲ ਹੁੰਦਾ ਹੈ। ਇਸ ਲਈ ਦੁਖ ਜੀਵਨ ਨੂੰ ਚਿੰਤਨਸ਼ੀਲ ਬਣਾਉਣ ਕਾਰਨ ਜੀਵ ਲਈ ਦਾਰੂ ਸਿੱਧ ਹੁੰਦਾ ਹੈ। ਇਸਦੇ ਮੁਕਾਬਲੇ ਸੁਖ ਸਰੀਰਕ ਸੰਕਲਪ ਹੈ। ਇਸ ਅਵਸਥਾ ਵਿਚ ਜੀਵ ਵਧੇਰੇ ਐਸ਼ਪ੍ਰਸਤ, ਕੁਕਰਮੀ ਅਤੇ ਨਿਸ਼ਕ੍ਰਿਯ (passive) ਸਥਿਤੀ ਵਿਚ ਵਿਚਰਦਾ ਹੈ। ਇਸ ਲਈ ਇਥੇ ਗੁਰੂ ਸਾਹਿਬ


**www.sanvad.org**
ISSN : 2395-1273

ਮਾਨਸਿਕ ਦੁਖ ਦੀ ਸਵੀਕ੍ਰਿਤੀ ਅਤੇ ਸੁਖ ਦੇ ਤਿਆਗ ਦਾ ਪ੍ਰਵਚਨ ਸਿਰਜਦੇ ਹਨ। ਇਥੇ ਉਹ ਦੁਖ-ਸੁਖ ਪ੍ਰਤੀ ਸਾਧਾਰਨ ਮਨੁੱਖੀ ਧਾਰਨਾ ਨੂੰ ਉਲਟਾਉਂਦੇ ਹਨ।

ਇਸ ਉਪਰੰਤ ਦੁਖ ਦਾ ਅਗਲਾ ਪ੍ਰਵਚਨ ਧਰਾਤਲ ਉਜਾਗਰ ਹੁੰਦਾ ਹੈ :

*ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥*
*ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥*[3]

ਇਹ ਪ੍ਰਸੰਗ ਦੁਖ ਦੇ ਸੰਕਲਪ ਦੀ ਦੂਜੀ ਪੱਧਰ ਹੈ। ਪਹਿਲੇ ਪ੍ਰਵਚਨ ਵਿਚ ਦੁਖ ਲਈ ਦਾਰੂ ਦਾ ਮੈਟਾਫ਼ਰ ਵਰਤਿਆ ਗਿਆ ਹੈ ਜਿਸ ਰਾਹੀਂ ਇਹ ਸਿੱਧ ਕੀਤਾ ਗਿਆ ਹੈ ਕਿ ਦੁਖ ਦਾ ਦਾਰੂ ਜੀਵ ਨੂੰ ਚਿੰਤਨਸ਼ੀਲ ਤੇ ਬੌਧਿਕਤਾ ਦੇ ਮਾਰਗ ’ਤੇ ਤੋਰਦਾ ਹੈ। ਅਧਿਐਨ ਅਧੀਨ ਪ੍ਰਵਚਨ ਪਹਿਲੀ ਪੱਧਰ ਨੂੰ ਲਗਾਤਾਰਤਾ ਵੀ ਪ੍ਰਦਾਨ ਕਰਦਾ ਹੈ ਅਤੇ ਉਸਦੀ ਅਗਲੀ ਪੱਧਰ ਵੀ ਪੇਸ਼ ਕਰਦਾ ਹੈ। ਇਥੇ ਦੁਖ ਲਈ ਤੇਲ ਦਾ ਮੈਟਾਫ਼ਰ ਵਰਤਿਆ ਗਿਆ ਹੈ ਕਿ ਗਿਆਨ (ਨਾਮ) ਰੂਪੀ ਦੀਵਾ ਕੇਵਲ ਦੁਖ ਦੇ ਤੇਲ ਨਾਲ ਹੀ ਜਗਦਾ ਹੈ। ਗੁਰੂ ਸਾਹਿਬ ਮੁਤਾਬਿਕ ਦੁਖ ਇੰਨਾ ਮਹੱਤਵਪੂਰਨ ਸੰਕਲਪ ਹੈ ਕਿ ਇਸਦੇ ਬਗ਼ੈਰ ਕਿਸੇ ਵਸਤ/ਵਰਤਾਰੇ ਦੀ ਸੋਝੀ ਨਹੀਂ ਆ ਸਕਦੀ।

ਇਸ ਉਪਰੰਤ ਗੁਰੂ ਸਾਹਿਬ ਦੁਖ ਦੇ ਸੰਕਲਪ ਦੀ ਅਗਲੀ ਅਵਸਥਾ ਪ੍ਰਸਤੁਤ ਕਰਦੇ ਹਨ :

*ਨਿਰਮਲ ਕਾਇਆ ਊਜਲ ਹੰਸਾ। । ਤਿਸੁ ਵਿਚਿ ਨਾਮੁ ਨਿਰੰਜਨ ਅੰਸਾ॥*
*ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ॥*[4]

ਇਸ ਪ੍ਰਸੰਗ ਵਿਚ ਦੁਖ ਨਾਂਹਮੂਲਕ (negative) ਪਾਸਾਰ ਦੀ ਥਾਂ ਸਾਕਾਰਾਤਮਕ (positive) ਅਰਥਾਂ ਨਾਲ ਸਬੰਧਤ ਹੋ ਜਾਂਦਾ ਹੈ। ਇਸ ਅਨੁਸਾਰ ਦੁਖ ਕੋਈ ਮਾੜਾ ਸੰਕਲਪ ਨਹੀਂ ਸਗੋਂ ਅੰਮ੍ਰਿਤ ਹੈ ਪਰੰਤੂ ਦੁਖ ਦੇ ਇਸ ਪਾਸਾਰ ਦਾ ਬੋਧ ਕੇਵਲ ਗਿਆਨ ਕੇਂਦਰਤ ਗੁਰਮੁਖ ਨੂੰ ਹੀ ਹੁੰਦਾ ਹੈ। ਇਸ ਅਵਸਥਾ ਵਿਚ ਗੁਰਮੁਖ ਹਰੇਕ ਦੁਖ ਨੂੰ ਅੰਮ੍ਰਿਤ ਸਮਝ ਕੇ ਗ੍ਰਹਿਣ ਕਰਦਾ ਹੈ।

ਉਪਰੋਕਤ ਤਿੰਨੇ ਪ੍ਰਵਚਨ ਦੁਖ ਦੀ ਮਾਨਵ-ਵਿਗਿਆਨਕ ਪੱਧਰ ਦੀ ਵਿਆਖਿਆ ਨਾਲ ਸਬੰਧਤ ਹਨ ਕਿਉਂਕਿ ਇਸਦੇ ਅੰਤਰਗਤ ਦੁਖ ਅਤੇ ਸੁਖ ਦਵੰਦਾਤਮਕਤਾ ਰਾਹੀਂ ਨਿਰੂਪਿਤ ਹੁੰਦੇ ਹਨ।

ਅਗਲੀ ਭਾਵ-ਜੁਗਤ ਦੁਖ ਦੀ ਬ੍ਰਹਿਮੰਡੀ ਪੱਧਰ ਨਾਲ ਸਬੰਧਤ ਹੈ :

*ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥*
*ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ॥*[5]

ਇਸ ਅਧੀਨ ਗੁਰੂ ਸਾਹਿਬ ਦੁਖ ਦੇ ਸੰਕਲਪ ਨੂੰ ਬ੍ਰਹਿਮੰਡੀ ਪੱਧਰ ’ਤੇ ਵਿਚਾਰਦਿਆਂ ਸਪੱਸ਼ਟ ਕਰਦੇ ਹਨ ਕਿ ਗੁਰਮੁਖ ਲਈ ਇਨ੍ਹਾਂ ਦੋਵਾਂ ਸੰਕਲਪਾਂ ਵਿਚ ਕੋਈ ਭੇਦ ਹੀ ਨਹੀਂ। ਇਹ ਅਜਿਹੀ ਮਾਨਸਿਕ ਅਵਸਥਾ ਹੈ ਜਿਥੇ ਗੁਰਮੁਖ ਲਈ ਸਾਰੇ ਵਰਤਾਰੇ ਇਕਸਾਰ ਹੋ ਜਾਂਦੇ ਹਨ। ਦੁਖ-ਸੁਖ ਉਸਨੂੰ ਦਵੰਦਮਈ ਸੰਕਲਪ ਨਹੀਂ ਲੱਗਦੇ ਸਗੋਂ ਇਸ ਇਕਸਾਰਤਾ ਦੀ ਅਵਸਥਾ ਵਿਚ ਉਹ ਇਨ੍ਹਾਂ ਵਿਚ ਕੋਈ ਭੇਦ ਨਹੀਂ ਸਮਝਦਾ। ਇਸ ਪ੍ਰਕਾਰ ਬ੍ਰਹਿਮੰਡੀ ਪੱਧਰ ’ਤੇ ਦੁਖ-ਸੁਖ ਦੀ ਦਵੰਦਾਤਮਕਤਾ ਖ਼ਤਮ ਹੋ ਜਾਂਦੀ ਹੈ। ਇਸ ਤਰ੍ਹਾਂ ਦੁਖ ਦਾ ਸੰਕਲਪ ਵਿਭਿੰਨ ਪ੍ਰਵਚਨ ਧਰਾਤਲਾਂ ’ਤੇ ਵਿਚਰਦਾ ਹੈ। ਇਹ ਪ੍ਰਵਚਨ ਧਰਾਤਲ ਇਸ ਸੰਕਲਪ ਦੇ ਵੱਖਰੇ-ਵੱਖਰੇ ਅਰਥ ਪ੍ਰਸਤੁਤ ਕਰਦਿਆਂ ਇਸਦੀ ਅਰਥਗਤ ਗਤੀ ਦੀ ਸਿਰਜਣਾ ਕਰਦਾ ਹੈ। ਇਹੋ ਜੁਗਤ ਗੁਰੂ ਨਾਨਕ ਬਾਣੀ ਵਿਚਲੇ ਹੋਰਨਾਂ ਸੰਕਲਪਾਂ ਵਿਚ ਵੀ ਵੇਖੀ ਜਾ ਸਕਦੀ ਹੈ। ਇਸ ਅਧੀਨ ਹਰੇਕ ਸੰਕਲਪ ਦਾ ਇਕ ਆਰੰਭ-ਬਿੰਦੂ (point of departure) ਹੈ। ਉਹ ਸੰਕਲਪ ਉਸ ਆਰੰਭ-ਬਿੰਦੂ ਤੋਂ ਸ਼ੁਰੂ ਹੋ ਕੇ ਹੌਲ਼ੀ-ਹੌਲ਼ੀ ਉਸਦੇ ਵਿਭਿੰਨ ਪਾਸਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਉਸਦੇ ਅਰਥਾਂ ਵਿਚ ਵਾਧਾ ਕਰਦਾ ਹੈ। ਇਸ ਲਈ ਇਸ ਬਾਣੀ ਦੀ ਸੰਰਚਨਾ ਗਤੀਸ਼ੀਲ (dynamic) ਹੈ। ਇਹ ਪੱਖ ਇਸਦੀ ਭਾਵ-ਜੁਗਤ ਨਾਲ ਸਬੰਧਤ ਹੈ ਕਿ ਬਾਣੀ ਦੇ ਅਰਥ ਕਿਵੇਂ ਇਕ ਧਰਾਤਲ ਤੋਂ ਦੂਜੀ ਧਰਾਤਲ ’ਤੇ ਯਾਤਰਾ ਕਰਦੇ ਹਨ।

ਇਹੋ ਜਿਹੀ ਸੰਰਚਨਾ ਗੁਰੂ ਨਾਨਕ ਬਾਣੀ ਦੀ ਆਕਾਰ-ਜੁਗਤ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸਦੇ ਲਈ ‘ਜਪੁਜੀ’ ਬਾਣੀ ਨੂੰ ਉਦਾਹਰਣ ਵਜੋਂ ਲਿਆ ਜਾ ਸਕਦਾ ਹੈ। ਆਕਾਰ-ਜੁਗਤ ਦੇ ਪੱਖ ਤੋਂ ਉਸਦੀ ਸੰਰਚਨਾ ਵੀ ਗਤੀਸ਼ੀਲ ਹੈ। ਇਸ ਬਾਣੀ ਦਾ ਆਰੰਭ ਮੂਲ ਮੰਤਰ ਨਾਲ ਹੁੰਦਾ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਸੱਚ ਦੇ ਸੰਕਲਪ ਦੀ ਪ੍ਰਸਤੁਤੀ ਕਰਦੇ ਹਨ :

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*[6]

ਇਸ ਵਿਚ ਉਹ ਸੱਚ ਨੂੰ ਅਕਾਲ ਪੁਰਖ ਦੇ ਨਾਮ ਵਜੋਂ ਪ੍ਰਸਤੁਤ ਕਰਦੇ ਹਨ। ਉਪਰੰਤ ਸਲੋਕ ਵਿਚ ਉਸਦੀ ਲਗਾਤਾਰਤਾ ਸਿਰਜਦੇ ਹਨ:

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* [7]

ਇਥੇ ਸਮੇਂ ਦੇ ਪ੍ਰਸੰਗ ਵਿਚ ਸੱਚ ਦੇ ਸੰਕਲਪ ਦਾ ਨਿਰੂਪਣ ਹੁੰਦਾ ਹੈ। ਇਹ ਸਾਰੀ ਵਿਆਖਿਆ ਸੱਚ ਦੇ ਸੰਕਲਪ ਦੀ ਬ੍ਰਹਿਮੰਡੀ ਪੱਧਰ ਹੈ। ਉਪਰੰਤ ਉਹ ਇਸਦੀ ਮਾਨਵ-ਵਿਗਿਆਨਕ ਪੱਧਰ ਉਸਾਰਦੇ ਹਨ ਜਿਸ ਅਧੀਨ ਵਿਭਿੰਨ ਪਉੜੀਆਂ ਦੇ ਛੋਟੇ-ਛੋਟੇ ਜੁਟ ਸਿਰਜਦੇ ਹਨ (ਜਿਵੇਂ ਸੁਣਿਐ, ਮੰਨੈ, ਗਾਵਹਿ ਦੀਆਂ ਪਉੜੀਆਂ ਹਨ)। ਇਹ ਜੁਟ ਆਪਸ ਵਿਚ ਅੰਤਰ-ਸਬੰਧਤ ਹਨ ਅਤੇ ਆਪਸੀ ਅੰਤਰ-ਸਬੰਧਤਾ ਰਾਹੀਂ ਪ੍ਰਵਚਨ ਨੂੰ ਅੱਗੇ ਤੋਰਦੇ ਹਨ। ਇਹ ਸਾਰੀਆਂ ਇਕਾਈਆਂ ਪਿਛਲੇਰੇ ਪਾਸਾਰਾਂ ਨੂੰ ਵੀ ਨਾਲ ਲੈ ਕੇ ਚੱਲਦੀਆਂ ਹਨ ਅਤੇ ਅੱਗੋਂ ਨਵੇਂ ਅਰਥ ਵੀ ਸਿਰਜਦੀਆਂ ਹਨ। ਅੰਤ ਇਸ ਸਾਰੀ ਵਿਆਖਿਆ ਦੀ ਬ੍ਰਹਿਮੰਡੀ ਪੱਧਰ ਪੰਜ ਖੰਡਾਂ ਦੇ ਰੂਪ ਵਿਚ ਪੇਸ਼ ਕਰਦੇ ਹਨ ਜਿਸਦੀ ਸਿਖ਼ਰ *"ਸਚ ਖੰਡਿ ਵਸੈ ਨਿਰੰਕਾਰੁ"* ਵਾਲੀ ਪਉੜੀ ਵਿਚ ਵੇਖੀ ਜਾ ਸਕਦੀ ਹੈ। ਇਸ ਲਈ ਇਹ ਪੱਖ ਮਹੱਤਵਪੂਰਨ ਹੈ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਵਿਸ਼ਲੇਸ਼ਣ ਸਮੇਂ ਇਸਦੀ ਸੰਰਚਨਾ ਦੀ ਗਤੀਸ਼ੀਲਤਾ ਨੂੰ ਸਮਝਣਾ ਅਨਿਵਾਰੀ ਹੈ।

ਅਗਲਾ ਨੁਕਤਾ ਗੁਰੂ ਨਾਨਕ ਬਾਣੀ ਦੀ ਭਾਸ਼ਾ ਨਾਲ ਸਬੰਧਤ ਹੈ। ਇਸ ਅਧੀਨ ਪਹਿਲਾਂ ਪੱਖ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਭਾਸ਼ਾ ਸਿਰਜਣਾਤਮਕ (creative) ਹੈ। ਅਜਿਹੀ ਸਿਰਜਣਾਤਮਕ ਭਾਸ਼ਾ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਇਸਦੇ ਅੰਤਰਗਤ ਪਹਿਲਾ ਪੱਖ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਾਣੀ ਵਿਚ ਕਈ ਸੰਕਲਪਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਸ ਵਿਚ ਸਚ, ਸੰਤੋਖ, ਸਹਿਜ, ਸੰਜਮ, ਬ੍ਰਹਮ, ਸ੍ਰਿਸ਼ਟੀ, ਜੋਗ ਆਦਿ। ਇਨ੍ਹਾਂ ਸੰਕਲਪਾਂ ਵਿਚ ਬਹੁਤ ਵਿਭਿੰਨਤਾ ਹੈ। ਇਨ੍ਹਾਂ ਵਿੱਚੋਂ ਕਈ ਸੰਕਲਪ ਮਾਨਵ-ਵਿਗਿਆਨਕ ਪੱਧਰ ਨਾਲ ਸਬੰਧਤ ਹਨ ਅਤੇ ਕਈ ਬ੍ਰਹਿਮੰਡੀ ਪੱਧਰ ਨਾਲ। ਮਾਨਵ-ਵਿਗਿਆਨਕ ਪੱਧਰ ਨਾਲ ਸਬੰਧਤ ਸੰਕਲਪਾਂ ਵਿਚ ਔਰਤ, ਸੁੱਚ, ਜੂਠ ਆਦਿ ਸੰਕਲਪ ਸ਼ਾਮਲ ਹਨ। ਉਹ ਇਨ੍ਹਾਂ ਸੰਕਲਪਾਂ ਦੀ ਮਾਨਵ-ਵਿਗਿਆਨਕ ਪੱਧਰ ਦੀ ਵਿਆਖਿਆ ਸਿਰਜਦੇ ਹਨ। ਜਿਵੇਂ ਔਰਤ ਦੇ ਸੰਕਲਪ ਸਬੰਧੀ ਹੇਠ ਲਿਖੀ ਭਾਵ-ਜੁਗਤ ਦ੍ਰਿਸ਼ਟੀਗੋਚਰ ਹੁੰਦੀ ਹੈ :

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥* [8]

ਇਸਦੇ ਅੰਤਰਗਤ ਗੁਰੂ ਸਾਹਿਬ ਔਰਤ ਦੀ ਵਜੂਦਾਤਮਕਤਾ 'ਤੇ ਕੇਂਦਰਤ ਕਰਦੇ ਹਨ ਜਿਸ ਅਧੀਨ ਇਸਨੂੰ ਸਮੁੱਚੀ ਸਮਾਜਿਕ ਗਤੀਸ਼ੀਲਤਾ ਦਾ ਆਧਾਰ ਸਿੱਧ ਕੀਤਾ ਗਿਆ ਹੈ। ਇਸ ਅਨੁਸਾਰ ਸਮਾਜ ਦੀ ਸਾਰੀ ਸਿਰਜਣਾ ਦਾ ਆਧਾਰ ਔਰਤ ਹੈ। ਇਹ ਅਜਿਹਾ ਵਜੂਦ ਹੈ ਜੋ ਸਮਾਜ ਦੇ ਵਿਭਿੰਨ ਜੀਵਾਂ (ਪੀਰਾਂ, ਫ਼ਕੀਰਾਂ, ਰਾਜਿਆਂ) ਦੀ ਜਨਮਦਾਤੀ ਹੈ। ਸਮਾਜ ਦੇ ਹਰ ਰਿਸ਼ਤੇ ਦਾ ਧੁਰਾ ਔਰਤ ਦੇ ਵਜੂਦ ਦੁਆਰਾ ਉਸਰਿਆ ਹੈ। ਇਸ ਲਈ ਅਜਿਹੀ ਹਸਤੀ ਨਾਲ ਅਸਮਾਨਤਾ ਆਧਾਰਤ ਵਤੀਰਾ ਵਾਜਬ ਨਹੀਂ। ਅਸਲ ਵਿਚ ਇਸ ਸਮੁੱਚੇ ਪ੍ਰਸੰਗ ਵਿਚ ਗੁਰੂ ਸਾਹਿਬ ਇਹ ਸਿੱਧ ਕਰਦੇ ਹਨ ਕਿ ਸਮੁੱਚੀ ਸਮਾਜਿਕ ਗਤੀਸ਼ੀਲਤਾ ਦਾ ਆਧਾਰ-ਬਿੰਦੂ ਹੋਣ ਦੇ ਬਾਵਜੂਦ ਇਸਨੂੰ ਸਮਾਜ ਵਿਚ ਹਰ ਪੱਧਰ (ਸਰੀਰਕ, ਸਮਾਜਿਕ ਵਿਹਾਰ) 'ਤੇ ਮਰਦ ਦੇ ਮੁਕਾਬਲੇ ਦੁਜੈਲਾ ਸਥਾਨ ਦਿੱਤਾ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਇਹ ਅਸਮਾਨਤਾ ਆਧਾਰਤ ਵਿਹਾਰ ਵਾਜਬ ਨਹੀਂ। ਇਸ ਪ੍ਰਕਾਰ ਭਾਵ-ਜੁਗਤ ਦੀ ਪੱਧਰ 'ਤੇ ਇਸ ਪ੍ਰਵਚਨ ਵਿਚ ਔਰਤ ਦੇ ਸੰਕਲਪ ਦਾ ਮਾਨਵ-ਵਿਗਿਆਨਕ ਪੱਧਰ 'ਤੇ ਵਿਸ਼ਲੇਸ਼ਣ ਪ੍ਰਸਤੁਤ ਹੁੰਦਾ ਹੈ।

ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਬਾਣੀ ਵਿਚ ਬ੍ਰਹਿਮੰਡੀ ਪੱਧਰ ਦੇ ਸੰਕਲਪਾਂ ਦੀ ਨਿਸ਼ਾਨਦੇਹੀ ਵੀ ਮਿਲਦੀ ਹੈ ਜਿਨ੍ਹਾਂ ਵਿਚ ਸੱਚ, ਬ੍ਰਹਮ, ਸ੍ਰਿਸ਼ਟੀ, ਮਾਇਆ ਆਦਿ ਵਿਭਿੰਨ ਸੰਕਲਪ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਵੇਂ ਬ੍ਰਹਮ ਅਤੇ ਸ੍ਰਿਸ਼ਟੀ ਨਾਲ ਸਬੰਧਤ ਹੇਠ ਲਿਖੀ ਭਾਵ-ਜੁਗਤ ਹੈ :

*ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥* [9]

ਇਸਦੇ ਅੰਤਰਗਤ ਗੁਰੂ ਸਾਹਿਬ ਨੇ ਸਮੁੱਚੇ ਬ੍ਰਹਿਮੰਡ ਦੇ ਇਤਿਹਾਸ ਨੂੰ ਉਲੀਕਦਿਆਂ ਬ੍ਰਹਮ ਦੀ ਸਦੀਵੀ


**www.sanvad.org**
ISSN : 2395-1273

ਹੋਂਦ ਦੇ ਪੱਖ ਨੂੰ ਪ੍ਰਸਤੁਤ ਕੀਤਾ ਹੈ। ਇਸ ਅਧੀਨ ਉਨ੍ਹਾਂ ਨੇ ਬ੍ਰਹਿਮੰਡੀ ਪੱਧਰ ਦੀ ਵਿਆਖਿਆ ਨੂੰ ਸਿਰਜਿਆ ਹੈ।

ਭਾਸ਼ਾ ਨਾਲ ਸਬੰਧਤ ਅਗਲਾ ਮਹੱਤਵਪੂਰਨ ਨੁਕਤਾ ਇਹ ਹੈ ਕਿ ਗੁਰੂ ਨਾਨਕ ਬਾਣੀ ਵਿਚ ਗੁਰੂ ਸਾਹਿਬ ਨੇ ਸਾਧਾਰਨ ਭਾਸ਼ਾ ਰਾਹੀਂ ਦਰਸ਼ਨ ਦੀ ਪ੍ਰਸਤੁਤੀ ਕੀਤੀ ਹੈ। ਇਸ ਨਾਲ ਸਬੰਧਤ ਹੇਠ ਲਿਖੀ ਭਾਵ-ਜੁਗਤ ਨੂੰ ਵਿਚਾਰਿਆ ਜਾ ਸਕਦਾ ਹੈ :

*ਮਨੁ ਹਾਲੀ ਕਿਰਸਾਨੀ ਕਰਨੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥* [10]

ਜਾਂ

*ਜਤੁ ਪਾਹਾਰਾ ਧੀਰਜੁ ਸੁਨਿਆਰੁ॥*
*ਅਹਰਣਿ ਮਤਿ ਵੇਦੁ ਹਥਿਆਰੁ॥*
*ਭਉ ਖਲਾ ਅਗਨਿ ਤਪ ਤਾਉ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥*
*ਘੜੀਐ ਸਬਦੁ ਸਚੀ ਟਕਸਾਲ॥* [11]

ਦਿੱਖ ਦੀ ਪੱਧਰ ’ਤੇ ਇਸ ਵਿਚ ਬੜੇ ਸਾਧਾਰਨ ਸ਼ਬਦ ਵਰਤੇ ਗਏ ਹਨ ਜਿਵੇਂ ਕਿਰਸਾਨ, ਸੁਹਾਗਾ, ਬੀਜ, ਸੁਨਿਆਰੁ, ਅਹਰਣਿ, ਭਾਂਡਾ ਆਦਿ ਪਰੰਤੂ ਅਦਿੱਖ ਪੱਧਰ ’ਤੇ ਇਸ ਰਾਹੀਂ ਬ੍ਰਹਿਮੰਡੀ ਪੱਧਰ ਦੇ ਸੰਕਲਪਾਂ ਦੀ ਪੇਸ਼ਕਾਰੀ ਹੁੰਦੀ ਹੈ। ਪਹਿਲੀ ਭਾਵ-ਜੁਗਤ ਵਿਚ ਉਹ ਸਾਧਾਰਨ ਸ਼ਬਦਾਵਲੀ ਰਾਹੀਂ ਸਤ, ਸੰਤੋਖ, ਸਹਿਜ ਅਤੇ ਦੂਜੀ ਭਾਵ-ਜੁਗਤ ਵਿਚ ਸੁਨਿਆਰੇ ਦੀ ਸਾਧਾਰਨ ਕਿੱਤਾਮੁਖੀ ਸ਼ਬਦਾਵਲੀ ਰਾਹੀਂ ਸੱਚ ਦੇ ਸੰਕਲਪ ਦਾ ਪ੍ਰਵਚਨ ਸਿਰਜਦੇ ਹਨ। ਇਸ ਪ੍ਰਕਾਰ ਉਹ ਸਾਧਾਰਨ ਪੱਧਰ ਦੀ ਸ਼ਬਦਾਵਲੀ ਰਾਹੀਂ ਵੱਡੇ ਦਰਸ਼ਨ ਦੀ ਸਿਰਜਣਾ ਕਰਦੇ ਹਨ। ਇਸੇ ਕਰਕੇ ਗੁਰੂ ਨਾਨਕ ਬਾਣੀ ਦੀ ਭਾਸ਼ਾ ਨਾਲ ਅਗਲਾ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਸ ਬਾਣੀ ਦੀ ਭਾਸ਼ਾ ਭੁਲੇਖਾਪਾਊ ਭਾਸ਼ਾ (Deceptive Language) ਹੈ। ਇਸ ਅਧੀਨ ਗੁਰੂ ਨਾਨਕ ਬਾਣੀ ਵਿਚਲੇ ਵਿਭਿੰਨ ਸੰਕਲਪਾਂ ਨੂੰ ਵਿਚਾਰਿਆ ਜਾ ਸਕਦਾ ਹੈ। ਅਧਿਐਨ ਕਰਤਾ ਨੂੰ ਦਿੱਖ ਦੀ ਪੱਧਰ ’ਤੇ ਬਾਣੀ ਵਿਚ ਬੜੇ ਸਾਧਾਰਨ ਸੰਕਲਪ ਜਾਪਦੇ ਹਨ। ਇਸਦੇ ਲਈ ਉਪਰੋਕਤ ਭਾਵ-ਜੁਗਤ *(ਮਨੁ ਹਾਲੀ ਕਿਰਸਾਨੀ ਕਰਨੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥)* ਨੂੰ ਵਿਚਾਰਿਆ ਜਾ ਸਕਦਾ ਹੈ। ਦਿੱਖ ਦੀ ਪੱਧਰ ’ਤੇ ਇਹ ਜਾਪਦਾ ਹੈ ਕਿ ਇਸ ਵਿਚ ਬੀਜ, ਕਿਰਸਾਨ, ਸੁਹਾਗਾ ਆਦਿ ਸੰਕਲਪਾਂ ਦੀ ਪ੍ਰਸਤੁਤੀ ਹੈ ਪਰੰਤੂ ਇਹ ਇਸਦੀ ਸਾਧਾਰਨ ਪੱਧਰ ਹੈ। ਅਦਿੱਖ ਪੱਧਰ ’ਤੇ ਗੁਰੂ ਸਾਹਿਬ ਨੇ ਇਨ੍ਹਾਂ ਸਾਧਾਰਨ ਸੰਕਲਪਾਂ ਰਾਹੀਂ ਸਤ, ਸੰਤੋਖ, ਸਹਿਜ ਆਦਿ ਜਿਹੇ ਬ੍ਰਹਿਮੰਡੀ ਪੱਧਰ ਦੇ ਸੰਕਲਪਾਂ ਦੀ ਵਿਆਖਿਆ ਸਿਰਜੀ ਹੈ। ਇਸ ਲਈ ਇਸ ਬਾਣੀ ਦੇ ਅਧਿਐਨ ਵੇਲੇ ਬੜੀ ਸੰਜੀਦਗੀ ਨਾਲ ਇਸਦਾ ਅਧਿਐਨ ਕਰਨਾ ਅਨਿਵਾਰੀ ਹੈ ਕਿਉਂਕਿ ਇਸ ਵਿਚਲੀ ਸਾਧਾਰਨ ਸ਼ਬਦਾਵਲੀ ਰਾਹੀਂ ਵੱਡੇ ਦਰਸ਼ਨ ਦੀ ਸਿਰਜਣਾ ਹੋਈ ਹੈ।

ਭਾਸ਼ਾਈ ਪੱਖ ਤੋਂ ਗੁਰੂ ਨਾਨਕ ਬਾਣੀ ਦਾ ਅਗਲਾ ਮਹੱਤਵਪੂਰਨ ਪੱਖ ਇਹ ਹੈ ਕਿ ਇਸ ਬਾਣੀ ਦੀ ਭਾਸ਼ਾ ਸੰਵਾਦੀ ਸਰੂਪ ਵਾਲੀ ਹੈ। ਇਸਦੇ ਅੰਤਰਗਤ ਗੁਰੂ ਸਾਹਿਬ ਨੇ ਜਿਹੜੀ ਵੀ ਪਰੰਪਰਾ ਨਾਲ ਸੰਵਾਦ ਰਚਾਇਆ ਉਹ ਉਸ ਪਰੰਪਰਾ ਦੀ ਸ਼ਬਦਾਵਲੀ ਵਿਚ ਹੀ ਰਚਾਇਆ ਹੈ ਜਿਵੇਂ ਜੋਗ ਪਰੰਪਰਾ ਨਾਲ ਸੰਵਾਦ ਸਿਰਜਦਿਆਂ ਉਨ੍ਹਾਂ ਨੇ ਜੋਗ ਸ਼ਬਦਾਵਲੀ ਦੀ ਵਰਤੋਂ ਕੀਤੀ। ਇਸ ਅਧੀਨ ਉਨ੍ਹਾਂ ਨੇ ਜੋਗ, ਜੋਗੀ, ਕੁੰਡਲਨੀ, ਹਠ ਜੋਗ ਆਦਿ ਸੰਕਲਪਾਂ ’ਤੇ ਸੰਵਾਦ ਸਿਰਜਦਿਆਂ ਇਸੇ ਸ਼ਬਦਾਵਲੀ ਦੀ ਵਰਤੋਂ ਕੀਤੀ ਪਰੰਤੂ ਇਥੇ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਸ਼ਬਦਾਵਲੀ ਦੀ ਪੱਧਰ ਤਾਂ ਮਾਨਵ-ਵਿਗਿਆਨਕ ਹੈ ਪਰੰਤੂ ਇਸ ਵਿਚਲਾ ਪ੍ਰਵਚਨ ਬ੍ਰਹਿਮੰਡੀ ਪੱਧਰ ਦਾ ਹੈ। ਗੁਰੂ ਸਾਹਿਬ ਸਬੰਧਤ ਪਰੰਪਰਾ ਦੀ ਸ਼ਬਦਾਵਲੀ ਰਾਹੀਂ ਬ੍ਰਹਿਮੰਡੀ ਪੱਧਰ ਦੇ ਪ੍ਰਵਚਨ ਦੀ ਸਿਰਜਣਾ ਕਰਦੇ ਹਨ ਜਿਵੇਂ :

*ਊਂਧਉ ਖਪਰੁ ਪੰਚ ਭੂ ਟੋਪੀ॥*
*ਕਾਂਇਆ ਕੜਾਸਣੁ ਮਨੁ ਜਾਗੋਟੀ॥*
*ਸਤੁ ਸੰਤੋਖੁ ਸੰਜਮੁ ਹੈ ਨਾਲਿ॥*
*ਨਾਨਕ ਗੁਰਮੁਖਿ ਨਾਮੁ ਸਮਾਲਿ॥* [12]

ਇਸ ਅਧੀਨ ਜੋਗ ਸ਼ਬਦਾਵਲੀ ਰਾਹੀਂ ਉਹ ਸਤ, ਸੰਤੋਖ, ਸਹਿਜ ਜਿਹੇ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਸਿਰਜਦੇ ਹਨ।

ਇਸ ਤੋਂ ਇਲਾਵਾ ਗੁਰੂ ਨਾਨਕ ਬਾਣੀ ਦੀ ਪ੍ਰਵਚਨ ਜੁਗਤ ਦਾ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਸ

ਵਿਚਲਾ ਪ੍ਰਵਚਨ ਮੁੱਖ ਸ਼ਬਦ (lexeme) ਅਤੇ ਅਲਪ ਸ਼ਬਦ (seme) ਦੀ ਅੰਤਰ-ਸਬੰਧਤਾ ਰਾਹੀਂ ਉਜਾਗਰ ਹੁੰਦਾ ਹੈ। ਇਸ ਅਧੀਨ ਇਸ ਬਾਣੀ ਦੇ ਵਿਭਿੰਨ ਸੰਕਲਪ ਕਿਤੇ ਮੁੱਖ ਸ਼ਬਦ ਵਜੋਂ ਅਤੇ ਕਿਤੇ ਅਲਪ ਸ਼ਬਦ ਵਜੋਂ ਵਿਚਰਦੇ ਹਨ। ਵਿਭਿੰਨ ਅਲਪ ਸ਼ਬਦ ਮੁੱਖ ਸ਼ਬਦ ਦੇ ਅਰਥਾਂ ਦੇ ਸਪੱਸ਼ਟੀਕਰਨ ਲਈ ਸਹਾਇਕ ਇਕਾਈਆਂ ਵਜੋਂ ਵਿਚਰਦੇ ਹਨ। ਇਸ ਪੱਖ ਨੂੰ ਗੁਰੂ ਨਾਨਕ ਬਾਣੀ ਦੇ ਵਿਭਿੰਨ ਪ੍ਰਵਚਨ ਧਰਾਤਲਾਂ 'ਤੇ ਪਛਾਣਿਆ ਜਾ ਸਕਦਾ ਹੈ। ਇਸਦੇ ਅੰਤਰਗਤ ਹੇਠ ਲਿਖੀ ਭਾਵ-ਜੁਗਤ ਨੂੰ ਵਿਚਾਰਿਆ ਜਾ ਸਕਦਾ ਹੈ:

*ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥*
*ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥*
*ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥*
*ਭਾਈ ਰੇ ਸੰਤ ਜਨਾ ਕੀ ਰੇਣੁ ॥*
*ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥*
*ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥*
*ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥*
*ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥*
*ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥*
*ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥*
*ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥*
*ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥*
*ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥*
*ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥* [13]

ਉਪਰੋਕਤ ਸ਼ਬਦ ਵਿਚ 'ਸੱਚ' ਮੁੱਖ ਸ਼ਬਦ ਹੈ। ਇਸ ਸ਼ਬਦ ਦੇ ਸਪੱਸ਼ਟੀਕਰਨ ਲਈ ਸਿਫ਼ਤ, ਸੰਤੋਖ, ਸੁਖ ਅਤੇ ਸਹਿਜ ਅਲਪ ਸ਼ਬਦ ਵਜੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਪ੍ਰਥਮ ਰੂਪ ਵਿਚ ਸੱਚ ਤੇ ਸਿਫ਼ਤ ਦਾ ਮੇਲ ਸਿਰਜਿਆ ਗਿਆ ਹੈ। ਇਸ ਮੁਤਾਬਿਕ ਸਿਫ਼ਤ ਕੇਂਦਰਤ ਜੀਵ ਸੱਚ ਵਿਚ ਉਸੇ ਤਰ੍ਹਾਂ ਮਿਲ ਜਾਂਦੇ ਹਨ ਜਿਵੇਂ ਧਾਤ ਵਿਚ ਧਾਤ ਮਿਲਦੀ ਹੈ ਅਰਥਾਤ ਜਿਵੇਂ ਦੋ ਧਾਤਾਂ ਦੇ ਆਪਸੀ ਮੇਲ ਨਾਲ ਉਨ੍ਹਾਂ ਵਿਚਲੀ ਵਿਭਿੰਨਤਾ ਮੁੱਕ ਜਾਂਦੀ ਹੈ ਸਮਾਨਾਂਤਰ ਰੂਪ ਵਿਚ ਪ੍ਰਭੂ ਦੀ ਸਿਫ਼ਤ ਆਧਾਰਤ ਜੀਵ ਸੱਚ ਦਾ ਹੀ ਰੂਪ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਧਾਤ ਦੀ ਵਜੂਦਾਤਮਕਤਾ ਰਾਹੀਂ ਸਿਫ਼ਤ ਕੇਂਦਰਤ ਜੀਵ ਤੇ ਸੱਚ ਦੀ ਅਭੇਦਤਾ ਦਾ ਸੰਕਲਪ ਉਜਾਗਰ ਹੁੰਦਾ ਹੈ। ਇਸ ਉਪਰੰਤ ਸੱਚ ਅਤੇ ਸੰਤੋਖ ਨੂੰ ਜੋੜਿਆ ਗਿਆ ਹੈ ਕਿ ਸੰਤੋਖੀ ਜੀਵ ਹਮੇਸ਼ਾ ਸੱਚ ਦੀ ਅਵਸਥਾ ਵਿਚ ਵਿਚਰਦਾ ਹੈ। ਉਸਦਾ ਸੰਤੋਖੀ ਵਿਹਾਰ ਨਿਰੰਕਾਰ ਦੇ ਪਿਆਰ (ਸੱਚ) ਦੀ ਪ੍ਰਾਪਤੀ ਦਾ ਸਹਾਇਕ ਬਣਦਾ ਹੈ ਜਿਸਦੇ ਸਿੱਟੇ ਵਜੋਂ ਉਸਨੂੰ ਗੁਰਮੁਖ ਦੀ ਉਪਾਧੀ ਪ੍ਰਾਪਤ ਹੁੰਦੀ ਹੈ। ਇਸਦੇ ਨਾਲ ਹੀ ਸੁਖ ਤੇ ਸਹਿਜ ਦੇ ਸੰਕਲਪ ਦਾ ਮੇਲ ਪ੍ਰਸਤੁਤ ਹੁੰਦਾ ਹੈ। ਇਸ ਮੁਤਾਬਿਕ ਸੁਖ ਦੀ ਵਜੂਦਾਤਮਕਤਾ ਉਥੇ ਹੈ ਜਿਥੇ ਸਹਿਜ ਦੀ ਅਵਸਥਾ ਹੈ। ਇਸੇ ਸ਼ਬਦ ਅਧੀਨ ਪਹਿਲੇ ਪ੍ਰਸੰਗ ਵਿਚ ਸੰਤੋਖ ਦਾ ਸੰਕਲਪ ਆਉਂਦਾ ਹੈ ਅਤੇ ਇਸ ਪ੍ਰਸੰਗ ਵਿਚ ਸਹਿਜ ਦਾ ਪੱਖ ਪੇਸ਼ ਹੋਇਆ ਹੈ। ਸੰਤੋਖ ਤੇ ਸਹਿਜ ਦਾ ਮੇਲ (ਜੋੜ) ਅਸਲ ਵਿਚ ਸੱਚ ਦਾ ਸੰਕਲਪ ਹੀ ਹੈ ਅਰਥਾਤ ਜਿਥੇ ਸਹਿਜ ਤੇ ਸੰਤੋਖ ਦੀ ਹੋਂਦ ਹੈ ਉਥੇ ਸੱਚ (ਸੁਖ) ਆਵੱਸ਼ਕ ਹੋਵੇਗਾ। ਇਸ ਪ੍ਰਕਾਰ ਇਸ ਸ਼ਬਦ ਦਾ ਕੇਂਦਰੀ ਪ੍ਰਵਚਨ ਸੱਚ ਦਾ ਸੰਕਲਪ ਹੈ ਜੋ ਇਥੇ ਸੁਖ ਦੀ ਸਬੰਧਾਤਮਕਤਾ 'ਤੇ ਆਧਾਰਤ ਹੈ। ਗੁਰੂ ਸਾਹਿਬ ਮੁਤਾਬਿਕ ਸੁਖ ਉਥੇ ਹੈ ਜਿਥੇ ਸੱਚ ਦੀ ਹੋਂਦ ਹੈ। ਸੱਚ ਦੇ ਇਸ ਸੰਕਲਪ ਦੀ ਸਿਰਜਣਾ ਲਈ ਇਥੇ ਸਿਫ਼ਤ, ਸੰਤੋਖ, ਸਹਿਜ ਅਤੇ ਸੁਖ ਦਾ ਸੰਕਲਪ ਅਲਪ ਸ਼ਬਦਾਂ ਵਜੋਂ ਵਿਚਰਦੇ ਹਨ ਜੋ ਸੱਚ ਦੇ ਸੰਕਲਪ ਦਾ ਸਪੱਸ਼ਟੀਕਰਨ ਕਰਦੇ ਹਨ। ਸੋ ਇਹ ਵੀ ਗੁਰੂ ਨਾਨਕ ਬਾਣੀ ਦੀ ਮਹੱਤਵਪੂਰਨ ਜੁਗਤ ਹੈ।

ਉਪਰੋਕਤ ਸਮੁੱਚੀ ਵਿਚਾਰ ਚਰਚਾ ਨੂੰ ਹੇਠ ਲਿਖੇ ਅਨੁਸਾਰ ਸੂਤ੍ਰਿਕ ਰੂਪ ਵਿਚ ਪ੍ਰਸਤੁਤ ਕੀਤਾ ਜਾ ਸਕਦਾ ਹੈ:

- ਗੁਰੂ ਨਾਨਕ ਬਾਣੀ ਵਿਚਲੀ ਪ੍ਰਵਚਨ ਜੁਗਤ ਨੂੰ ਸਮਝਣ ਲਈ ਇਸਦੀ ਸੰਰਚਨਾ (structure) ਨੂੰ ਸਮਝਣਾ ਅਨਿਵਾਰੀ ਹੈ। ਗੁਰੂ ਨਾਨਕ ਬਾਣੀ ਦੀ ਸੰਰਚਨਾ ਸਥਿਰ (static) ਨਹੀਂ ਸਗੋਂ ਗਤੀਸ਼ੀਲ (dynamic) ਹੈ। ਇਸ ਵਿਚਲਾ ਪ੍ਰਵਚਨ ਹੌਲ਼ੀ-ਹੌਲ਼ੀ ਵਿਭਿੰਨ ਪ੍ਰਵਚਨ ਧਰਾਤਲਾਂ 'ਤੇ ਉਸਰਦਾ ਹੈ। ਇਸ ਲਈ ਇਸ ਬਾਣੀ ਦੀ ਪ੍ਰਵਚਨ ਜੁਗਤ ਨੂੰ ਸਮਝਣ ਲਈ ਇਸ ਸਮੁੱਚੀ ਬਾਣੀ ਦਾ ਵਿਸ਼ਲੇਸ਼ਣ ਕਰਨਾ ਲਾਜ਼ਮੀ ਹੈ।


ISSN : 2395-1273

- ਇਸ ਬਾਣੀ ਦੀ ਸੰਰਚਨਾ ਦਾ ਇਹ ਗਤੀਸ਼ੀਲ ਪੱਖ ਭਾਵ-ਜੁਗਤ ਅਤੇ ਆਕਾਰ-ਜੁਗਤ ਦੀ ਪੱਧਰ 'ਤੇ ਦ੍ਰਿਸ਼ਟੀਗੋਚਰ ਹੁੰਦਾ ਹੈ।
- ਅਗਲਾ ਮਹੱਤਵਪੂਰਨ ਪੱਖ ਗੁਰੂ ਨਾਨਕ ਬਾਣੀ ਦੀ ਸਿਰਜਣਾਤਮਕ ਭਾਸ਼ਾ ਨਾਲ ਸਬੰਧਤ ਹੈ। ਗੁਰੂ ਸਾਹਿਬ ਨੇ ਮਾਨਵ-ਵਿਗਿਆਨਕ ਅਤੇ ਬ੍ਰਹਿਮੰਡੀ ਪੱਧਰ ਦੇ ਸੰਕਲਪਾਂ ਦੀ ਵਿਆਖਿਆ ਵਿਭਿੰਨ ਪੱਧਰਾਂ 'ਤੇ ਪ੍ਰਸਤੁਤ ਕੀਤੀ ਹੈ। ਇਸਤੋਂ ਇਲਾਵਾ ਉਨ੍ਹਾਂ ਨੇ ਸਾਧਾਰਨ ਭਾਸ਼ਾ ਰਾਹੀਂ ਵੱਡੇ ਦਰਸ਼ਨ ਦੀ ਸਿਰਜਣਾ ਕੀਤੀ ਹੈ। ਕਈ ਵਾਰ ਅਧਿਐਨ ਕਰਤਾ ਨਿਰੋਲ ਇਸਦੀ ਸਾਧਾਰਨ ਭਾਸ਼ਾ 'ਤੇ ਹੀ ਕੇਂਦਰਤ ਰਹਿ ਜਾਂਦੇ ਹਨ। ਇਸੇ ਲਈ ਇਸ ਬਾਣੀ ਦੀ ਭਾਸ਼ਾ ਭੁਲੇਖਾਪਾਊ ਭਾਸ਼ਾ ਹੈ।
- ਭਾਸ਼ਾਈ ਪੱਖ ਤੋਂ ਅਗਲਾ ਪੱਖ ਇਹ ਹੈ ਕਿ ਇਸ ਬਾਣੀ ਦੀ ਭਾਸ਼ਾ ਸੰਵਾਦੀ ਸਰੂਪ ਵਾਲੀ ਹੈ। ਇਸਦੇ ਅੰਤਰਗਤ ਗੁਰੂ ਸਾਹਿਬ ਨੇ ਜਿਹੜੀ ਵੀ ਪਰੰਪਰਾ ਨਾਲ ਸੰਵਾਦ ਰਚਾਇਆ ਉਹ ਉਸ ਪਰੰਪਰਾ ਦੀ ਸ਼ਬਦਾਵਲੀ ਵਿਚ ਹੀ ਰਚਾਇਆ ਹੈ।
- ਇਸਤੋਂ ਇਲਾਵਾ ਗੁਰੂ ਨਾਨਕ ਬਾਣੀ ਦੀ ਪ੍ਰਵਚਨ ਜੁਗਤ ਦਾ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਸ ਵਿਚਲਾ ਪ੍ਰਵਚਨ ਮੁੱਖ ਸ਼ਬਦ ਅਤੇ ਅਲਪ ਸ਼ਬਦ ਦੀ ਅੰਤਰ-ਸਬੰਧਤਾ ਰਾਹੀਂ ਉਜਾਗਰ ਹੁੰਦਾ ਹੈ। ਇਸ ਅਧੀਨ ਇਸ ਬਾਣੀ ਦੇ ਵਿਭਿੰਨ ਸੰਕਲਪ ਕਿਤੇ ਮੁੱਖ ਸ਼ਬਦ ਵਜੋਂ ਅਤੇ ਕਿਤੇ ਅਲਪ ਸ਼ਬਦ ਵਜੋਂ ਵਿਚਰਦੇ ਹਨ। ਵਿਭਿੰਨ ਅਲਪ ਸ਼ਬਦ ਮੁੱਖ ਸ਼ਬਦ ਦੇ ਅਰਥਾਂ ਦੇ ਸਪੱਸ਼ਟੀਕਰਨ ਲਈ ਸਹਾਇਕ ਇਕਾਈਆਂ ਵਜੋਂ ਵਿਚਰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. H.S.Gill, **Abelardian semiotics and other essays**, pages 193-94.
2. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 469.
3. **ਉਹੀ**, ਪੰਨਾ 358.
4. **ਉਹੀ**, ਪੰਨਾ 1034.
5. **ਉਹੀ**, ਪੰਨਾ 1256.
6. **ਉਹੀ**, ਪੰਨਾ 1.
7. **ਉਹੀ**, ਪੰਨਾ 1.
8. **ਉਹੀ**, ਪੰਨਾ 473.
9. **ਉਹੀ**, ਪੰਨਾ 1035.
10. **ਉਹੀ**, ਪੰਨਾ 595.
11. **ਉਹੀ**, ਪੰਨਾ 8.
12. **ਉਹੀ**, ਪੰਨਾ 938.
13. **ਉਹੀ**, ਪੰਨਾ 18.


✧